

# ਹਾਸੇ ਬਸ ਤਸਵੀਰ 'ਚ ਰਹਿ ਗਏ

ਪਲ

ਰਬਾਬਪ੍ਰੀਤ ਗੁਰਪ੍ਰੀਤ ਗੁਰੀ

www.punjabilibrary.com

# ਹਾਸੀ ਬਸ ਤਸਵੀਰ 'ਚੋ ਰਹਿ ਗਏ

## ਰਬਾਬਪ੍ਰੀਤ, ਗੁਰਪ੍ਰੀਤ ਗੁਰੀ



# ਹਾਸੇ ਬਸ ਤਸਵੀਰ ਚ ਰਹਿ ਗਏ

## ਰਬਾਬਪ੍ਰੀਤ, ਗੁਰਪ੍ਰੀਤ ਗੁਰੀ

ਇੰਸਟਾਗ੍ਰਾਮ : HARFAN_DI_MAZLIS

ਮੋਬਾਈਲ ਨੰਬਰ : ±91 9779670711

ਪੀ ਡੀ ਐੱਫ ਐਡੀਟਰ : GURIGURPREET498

PUBLISHED ON: 01 APRIL 2025

DIGITALKALMANWALE@GMAIL.COM

ਖੰਭ ਲਾ ਕੇ ਉੱਡ ਗਈਆਂ ਖੁਸ਼ੀਆਂ, ਗਮ ਮੇਰੇ ਕੋਲ਼ ਆਕੇ ਬਹਿ ਗਏ

ਹੰਝੂਆਂ ਦੇ ਨਾਲ ਸਾਂਝ ਪੈ ਗਈ, ਹਾਸੇ ਬਸ ਤਸਵੀਰ 'ਚ ਰਹਿ ਗਏ

www.punjabilibrary.com

# ਦੋ ਸ਼ਬਦ

ਮੈਨੂੰ ਤੁਹਾਨੂੰ ਸਭ ਨੂੰ ਦੱਸਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਹ ਪੰਜਾਬੀ ਲਾਇਬ੍ਰੇਰੀ ਤੇ ਮੇਰੀ ਦਸਵੀਂ ਕਿਤਾਬ ਹੈ। ਤੁਸੀਂ ਸਾਰਿਆਂ ਨੇ ਮੇਰੀਆਂ ਪਿਛਲੀਆਂ ਕਿਤਾਬਾਂ ਨੂੰ ਬਹੁਤ ਪਿਆਰ ਦਿੱਤਾ। ਤੁਹਾਡੇ ਸਾਰਿਆਂ ਦੇ ਪਿਆਰ ਤੇ ਸਹਿਯੋਗ ਦੇ ਸਦਕਾ ਹੀ ਮੈਂ ਆਪਣੀ ਪਲੇਠੀ ਪੁਸਤਕ "ਜੰਨਤ ਦੋਜ਼ਖ਼" ਆਫਲਾਈਨ ਲੌਂਚ ਕਰ ਰਿਹਾ ਹਾਂ ਜੋ ਕਿ ਬਹੁਤ ਜਲਦ ਛਪਕੇ ਆ ਰਹੀ ਹੈ, ਜਿਸ ਲਈ ਮੈਨੂੰ ਤੁਹਾਡੇ ਸਭ ਦੇ ਸਾਥ ਦੀ ਬਹੁਤ ਲੋੜ ਹੈ।

ਉਸ ਕਿਤਾਬ ਦੇ ਪ੍ਰੀ ਆਰਡਰ ਸ਼ੁਰੂ ਹੋ ਚੁੱਕੇ ਹਨ, ਜਿਸ ਕਿਸੇ ਨੇ ਵੀ ਮੰਗਵਾਉਣੀ ਹੋਵੇ ਓਹ ਮੈਨੂੰ ਵ੍ਹਟਸਐਪ ਜਾਂ ਇੰਸਟਾਗ੍ਰਾਮ ਤੇ ਮੈਸੇਜ ਕਰਕੇ ਆਪਣਾ ਆਰਡਰ ਪਲੇਸ ਕਰ ਸਕਦੇ ਹਨ।

ਮੋਬਾਈਲ ਨੰਬਰ : 9779670711

ਇੰਸਟਾਗ੍ਰਾਮ : @GURIGURPREET498

@HARFAN_DI_MAZLIS

@RABABPREET7

~ਧੰਨਵਾਦ

~ਧੰਨਵਾਦ

# ਦੁੱਖਾਂ ਦਾ ਪਰਬਤ

ਮਿਲਿਆ ਨਹੀਂ ਸਕੂਨ ਮੈਨੂੰ
ਮੈਂ ਲੱਭ ਚੁੱਕਾ ਹਾਂ
ਦੁੱਖਾਂ ਦੇ ਪਰਬਤ ਦੇ ਥੱਲੇ
ਦੱਬ ਚੁੱਕਾ ਹਾਂ

ਇਸ ਦੁੱਖ ਦੇ ਪਰਬਤ ਤੇ
ਪੀੜ੍ਹਾਂ ਦੇ ਰੁੱਖ ਉੱਗਦੇ
ਇੱਥੇ ਫੁੱਲ ਵੀ ਸੱਜਣਾ
ਕੰਡਿਆਂ ਵਾਂਗਰ ਚੁੱਭਦੇ

ਜ਼ਹਿਰ ਦੀਆਂ ਉੱਗੀਆਂ ਵੇਲਾਂ ਨੂੰ
ਚੱਬ ਚੁੱਕਾ ਹਾਂ
ਦੁੱਖਾਂ ਦੇ ਪਰਬਤ ਦੇ ਥੱਲੇ
ਦੱਬ ਚੁੱਕਾ ਹਾਂ

ਪੀਣ ਲਈ ਅੱਥਰੂ
ਹੌਕਿਆਂ ਦੇ ਨਾਲ ਢਿੱਡ ਭਰਦਾ ਹਾਂ
ਇੱਥੋਂ ਨਿਕਲ ਨਾ ਹੋਇਆ
ਬੜੀ ਕੋਸ਼ਿਸ਼ ਕਰਦਾ ਹਾਂ

ਪਾਉਣ ਲਈ ਛੁਟਕਾਰੇ

ਕਰ ਮੈਂ ਸਭ ਚੁੱਕਾ ਹਾਂ

ਦੁੱਖਾਂ ਦੇ ਪਰਬਤ ਦੇ ਥੱਲੇ

ਦੱਬ ਚੁੱਕਾ ਹਾਂ

ⓧⓧⓧⓧⓧ

# ਮੇਰੀ ਕਵਿਤਾ ਨੂੰ

ਮੇਰੇ ਪਾਕ ਇਸ਼ਕ ਨੂੰ ਪੈਰਾਂ ਚ ਲਤਾੜ ਦੋ
ਜੰਮਿਆ ਨਹੀਂ ਹਾਲੇ ਇਹਨੂੰ ਗਰਭ ਚ ਮਾਰ ਦੋ

ਰੀਝਾਂ ਮੇਰੀਆਂ ਦੇ ਗਲ਼ ਪਾ ਕੇ ਰੱਸੀ ਪੀੜ੍ਹਾਂ ਵਾਲੀ
ਖੜ੍ਹਕੇ ਚੁਰਾਹੇ ਵਿੱਚ ਫਾਹੇ ਉੱਤੇ ਚਾੜ੍ਹ ਦੋ

ਟੋਟੇ ਕਰੋ ਵਸਲਾਂ ਦੇ ਦੋ ਮੂੰਹੀਆਂ ਆਰੀਆਂ ਨਾਲ
ਬਿਰਹੋਂ ਦੀ ਭੱਠੀ ਵਿੱਚ ਪਾ ਕੇ ਤੇਲ ਸਾੜ ਦੋ

ਬੋਲਕੇ ਨਾ ਦੱਸ ਦੇਵੇ ਗਮ ਮੇਰਾ ਦੁਨੀਆ ਨੂੰ
ਪੜਨ ਤੋਂ ਪਹਿਲਾਂ ਮੇਰੀ ਕਵਿਤਾ ਨੂੰ ਪਾੜ ਦੋ

㋜㋜㋜㋜㋜

# ਅੱਜ ਦੇ ਰਿਸ਼ਤੇ

ਫੜਕੇ ਖੜੇ ਕਰੋ ਜਿਹਨਾਂ ਨੂੰ
ਉਹੀ ਥੱਲੇ ਸੁੱਟ ਜਾਂਦੇ ਨੇ

ਤੋਹਫ਼ਿਆਂ ਦੇ ਵਿੱਚ ਮਿਲੇ ਹਾਰ ਵੀ
ਰੱਸਾ ਬਣ ਗਲ਼ ਘੁੱਟ ਜਾਂਦੇ ਨੇ

ਚੋਰ ਕਰਨ ਹੁਣ ਪਹਿਰੇਦਾਰੀ
ਪੁਲਿਸ ਵਾਲੇ ਘਰ ਲੁੱਟ ਜਾਂਦੇ ਨੇ

ਦੌੜ ਲੱਗੀ ਪੈਸਾ ਸਾਂਭਣ ਦੀ
ਬੰਦੇ ਪਿੱਛੇ ਸੁੱਟ ਜਾਂਦੇ ਨੇ

ਇੱਕ ਦਿਨ ਹੱਥਾਂ ਵਿੱਚ ਹੱਥ ਹੁੰਦਾ
ਦੂਜੇ ਦਿਨ ਹੱਥ ਛੁੱਟ ਜਾਂਦੇ ਨੇ

ਇੱਕ ਪਲ ਦੇ ਵਿੱਚ ਬਣਦੇ ਰਿਸ਼ਤੇ
ਦੂਜੇ ਪਲ ਵਿੱਚ ਟੁੱਟ ਜਾਂਦੇ ਨੇ

## ਜੇ ਪੜ੍ਹ ਨਹੀਂ ਸਕਦਾ ਤੂੰ !

ਸੰਗਤ ਵੇ ਸ਼ਾਇਰਾਂ ਦੀ, ਜੇ ਕਰ ਨਹੀਂ ਸਕਦਾ ਤੂੰ
ਕਿਵੇਂ ਲਿਖੇਂਗਾ ਨਜ਼ਮ ਕੋਈ, ਜੇ ਪੜ੍ਹ ਨਹੀਂ ਸਕਦਾ ਤੂੰ

ਤੈਨੂੰ ਗਿਆਨ ਨਹੀਂ ਹੋਇਆ, ਹਾਲੇ ਤੱਕ ਅੱਖਰਾਂ ਦਾ
ਅਜੇ ਜਾਣ ਨਾ ਪਾਇਆ ਤੂੰ, ਰੁਤਬਾ ਕੀ ਫੱਕਰਾਂ ਦਾ

ਕੁਝ ਪਲ ਮਹਿਫ਼ਿਲ ਦੇ ਵਿੱਚ, ਜੇ ਖੜ੍ਹ ਨਹੀਂ ਸਕਦਾ ਤੂੰ
ਕਿਵੇਂ ਲਿਖੇਂਗਾ ਨਜ਼ਮ ਕੋਈ, ਜੇ ਪੜ੍ਹ ਨਹੀਂ ਸਕਦਾ ਤੂੰ

ਛਾਂਵਾਂ ਪਿੱਛੇ ਭੱਜਦਾ, ਤੂੰ ਧੁੱਪ ਨੂੰ ਸਮਝਿਆ ਨਹੀਂ
ਤੇਰੇ ਅੰਦਰ ਰੌਲ਼ਾ ਹੈ, ਤੂੰ ਚੁੱਪ ਨੂੰ ਸਮਝਿਆ ਨਹੀਂ

ਬਸ ਗਰਜ ਹੀ ਸਕਦਾ ਹੈ ਪਰ ਵਰ੍ਹ ਨਹੀਂ ਸਕਦਾ ਤੂੰ
ਕਿਵੇਂ ਲਿਖੇਂਗਾ ਨਜ਼ਮ ਕੋਈ, ਜੇ ਪੜ੍ਹ ਨਹੀਂ ਸਕਦਾ ਤੂੰ

# ਕੁੜੀਆਂ

ਕੁੜੀਆਂ ਨੂੰ ਕੀ ਕੀ ਸਹਿਣਾ ਪੈਂਦਾ ਇੱਥੇ
ਵੇਖਣ ਵੇਲੇ ਅੱਖਾਂ ਬੰਦ ਕਰ ਲੈਂਦੇ ਨੇ
ਬਦਨਾਮੀ ਕਰਨੀ ਤਾਂ ਗੱਲ ਹੈ ਆਮ ਜਿਹੀ
ਝੂਠੇ ਕਿੱਸੇ ਕਿੰਨੇ ਹੀ ਘੜ੍ਹ ਲੈਂਦੇ ਨੇ

ਰੂਹ ਹਾਲੇ ਵੀ ਭਟਕ ਰਹੀ ਆਸਿਫਾ ਦੀ
ਹਾਲੇ ਵੀ ਰੋ ਰਹੀ ਏ ਚੀਕਾਂ ਮਾਰ ਰਹੀ
ਦਰਦ ਉਹਦਾ ਸੁਣ ਖ਼ੂਨ ਆ ਜਾਂਦਾ ਅੱਖਾਂ ਚੋਂ
ਵਾਜ ਉਹਦੀ ਮੇਰੇ ਕੰਨਾਂ ਨੂੰ ਪਾੜ ਰਹੀ

ਦਾਜ ਦੁੱਖੋਂ ਕਿੰਨੀਆਂ ਫਾਹੇ ਚੜ੍ਹ ਗਈਆਂ ਨੇ
ਕਿੰਨੀਆਂ ਤੇ ਅੱਗ ਦੇ ਵਿੱਚ ਮਰ ਸੜ ਗਈਆਂ ਨੇ
ਘਰ ਤੋਂ ਬਾਹਰ ਨਾ ਜੀਣ ਦਿੰਦੇ ਇਹ ਆਸ਼ਕ ਜਿਹੇ
ਭੇਂਟ ਤੇਜਾਬ ਦੀ ਕਿੰਨੀਆਂ ਹੀ ਚੜ੍ਹ ਗਈਆਂ ਨੇ

ਦਰਦ ਇਹਨਾਂ ਨੂੰ ਦਿਖਦਾ ਨਹੀਂ ਮਾਸੂਮਾਂ ਦਾ
ਉਂਝ ਦਿਖਾਵਾ ਸੋਹਣਾ ਇਹ ਕਰ ਲੈਂਦੇ ਨੇ
ਕੁੜੀਆਂ ਨੂੰ ਕੀ ਕੀ ਸਹਿਣਾ ਪੈਂਦਾ ਇੱਥੇ
ਵੇਖਣ ਵੇਲੇ ਅੱਖਾਂ ਬੰਦ ਕਰ ਲੈਂਦੇ ਨੇ
ਬਦਨਾਮੀ ਕਰਨੀ ਤਾਂ ਗੱਲ ਐ ਆਮ ਜਿਹੀ
ਝੂਠੇ ਕਿੱਸੇ ਕਿੰਨੇ ਹੀ ਘੜ੍ਹ ਲੈਂਦੇ ਨੇ

# ਰੁਕ ਨਹੀਂ ਸਕਦੀ

ਹੁਣ ਸੱਜਣਾ ਮੈਂ ਰੁਕ ਨਹੀਂ ਸਕਦੀ
ਕਿਸੇ ਬੂਹੇ ਤੇ ਢੁਕ ਨਹੀਂ ਸਕਦੀ
ਸੁੰਨਾ ਪਿਆ ਹੈ ਇਸ਼ਕ ਦਾ ਰਸਤਾ
ਵਾਟ ਲੰਮੇਰੀ ਮੁੱਕ ਨਹੀਂ ਸਕਦੀ

ਵਾਟ ਵੀ ਐਸੀ ਹੈ ਜਿਸਦੇ ਵਿੱਚ
ਥਾਂ ਥਾਂ ਟੁੱਟਿਆ ਕੱਚ ਪਿਆ ਹੈ
ਝੂਠ ਨੂੰ ਪਲਕਾਂ ਉੱਤੇ ਰੱਖਿਆ
ਚਾੜ੍ਹਿਆ ਸੂਲੀ ਸੱਚ ਪਿਆ ਹੈ

ਇੱਥੇ ਫੁੱਲ ਕੰਡਿਆਂ ਵਰਗੇ ਨੇ
ਜਿਹੜੇ ਚੰਮ ਨੂੰ ਚੀਰ ਦਿੰਦੇ ਨੇ
ਇਸ਼ਕ ਗੁਨਾਹ ਹੈ ਔਰਤ ਦੇ ਲਈ
ਜ਼ਹਿਰ ਉਹਨੂੰ ਖ਼ੁਦ ਵੀਰ ਦਿੰਦੇ ਨੇ

ਇੱਥੇ ਰੁੱਖ ਵੀ ਛਾਂ ਨਹੀਂ ਕਰਦੇ
ਨਗਰ ਪੀੜ੍ਹਾਂ ਦਾ ਤਾਂ ਨਹੀਂ ਕਰਦੇ
ਗੈਰਾਂ ਨੇ ਕੀ ਸਾਥ ਦੇਣਾ ਹੈ
ਇੱਥੇ ਆਪਣੇ ਬਾਂਹ ਨੀ ਫੜਦੇ

ਬਹੁਤ ਅੱਗੇ ਨਿਕਲ ਚੁੱਕੀ ਹਾਂ
ਇਸ਼ਕ ਤੇਰੇ ਤੇ ਥੁੱਕ ਨਹੀਂ ਸਕਦੀ
ਹੁਣ ਸੱਜਣਾ ਮੈਂ ਰੁਕ ਨਹੀਂ ਸਕਦੀ
ਕਿਸੇ ਬੂਹੇ ਤੇ ਢੁਕ ਨਹੀਂ ਸਕਦੀ

㋜㋜㋜㋜㋜

# ਪੱਥਰ ਹੋ ਚੁੱਕਾ ਹਾਂ

ਕੋਈ ਹਰਕਤ ਨਹੀਂ
ਇੱਕੋ ਜਗ੍ਹਾ ਖਲੋ ਚੁੱਕਾ ਹਾਂ
ਹਾਂ ਸੱਜਣ ਜੀ
ਮੈਂ ਤਾਂ ਪੱਥਰ ਹੋ ਚੁੱਕਾ ਹਾਂ

ਨਾ ਕੋਈ ਸੁੱਧ ਬੁੱਧ
ਹੋਸ਼ ਵੀ ਨਹੀਂ ਹੈ
ਚੱਲਦੀ ਮੇਰੀ ਸੋਚ ਵੀ ਨਹੀਂ ਹੈ

ਕਬਰ ਦਾ ਵਾਸੀ
ਨੀਂਦ ਸਦਾ ਦੀ ਸੋ ਚੁੱਕਾ ਹਾਂ
ਹਾਂ ਸੱਜਣ ਜੀ
ਮੈਂ ਤਾਂ ਪੱਥਰ ਹੋ ਚੁੱਕਾ ਹਾਂ

ਲਿਖਤਾਂ ਵਿੱਚ ਵੀ ਛਾਈ ਉਦਾਸੀ
ਪਤਾ ਨਹੀਂ ਕਿੱਥੋਂ ਆਈ ਉਦਾਸੀ
ਹੁਣ ਤੇ ਇੰਝ ਲੱਗਦਾ ਏ ਮੈਨੂੰ
ਹੈ ਮੇਰੀ ਪਰਛਾਈਂ ਉਦਾਸੀ

ਪੰਨਿਆਂ ਦੇ ਵਿੱਚ
ਬਿਰਹੋਂ ਬੜਾ ਪਰੋ ਚੁੱਕਾ ਹਾਂ
ਹਾਂ ਸੱਜਣ ਜੀ
ਮੈਂ ਤਾਂ ਪੱਥਰ ਹੋ ਚੁੱਕਾ ਹਾਂ

# ਰੂਹ ਮੇਰੀ ਵਿੱਚ

ਰੂਹ ਮੇਰੀ ਵਿੱਚ ਰਹੇ ਅੰਧੇਰਾ
ਇੱਥੇ ਸੂਰਜ ਚੜ ਨਹੀਂ ਸਕਦਾ

ਨਾ ਕੋਈ ਤਾਰਾ ਨਾ ਕੋਈ ਚੰਨ ਹੈ
ਦੀਵਾ ਵੀ ਕੋਈ ਬਲ਼ ਨਹੀਂ ਸਕਦਾ

ਜੁਗਨੂੰਆਂ ਦੀ ਵੀ ਰੌਂਦ ਨਹੀਂ ਇੱਥੇ
ਅੱਠੋ ਪਹਿਰ ਹਨੇਰਾ ਰਹਿੰਦਾ

ਕਾਲੇ ਕਾਂ ਨੇ ਮਾਸ ਖਾਂਵਦੇ
ਕਾਲ਼ਾ ਚਾਰ ਚੁਫ਼ੇਰਾ ਰਹਿੰਦਾ

ਜਿਹੜੀ ਜਗ੍ਹਾ ਖਲੋਤਾ ਹਾਂ ਮੈਂ
ਕੋਈ ਜ਼ਿੰਦਾ ਖੜ ਨਹੀਂ ਸਕਦਾ

ਰੂਹ ਮੇਰੀ ਵਿੱਚ ਰਹੇ ਅੰਧੇਰਾ
ਇੱਥੇ ਸੂਰਜ ਚੜ ਨਹੀਂ ਸਕਦਾ

ⓧⓧⓧⓧⓧ

# ਗੱਲ ਨਹੀਂ ਕਰਦਾ

ਉਹ ਮੇਰੇ ਨਾਲ ਗੱਲ ਨੀ ਕਰਦਾ
ਹਾਂ ਜੀ ਹਾਂ ਅੱਜ ਕੱਲ੍ਹ ਨੀ ਕਰਦਾ
ਉਲਝ ਗਏ ਨੇ ਇਸ਼ਕ ਦੇ ਮਸਲੇ
ਪਤਾ ਨਹੀਂ ਕਿਉਂ ਹੱਲ ਨੀ ਕਰਦਾ

ਅੱਜ ਕੱਲ੍ਹ ਹੱਸ ਬੁਲਾਉਂਦਾ ਨਹੀਂ ਉਹ
ਪਹਿਲਾਂ ਵਾਂਗਰ ਚਾਹੁੰਦਾ ਨਹੀਂ ਉਹ
ਆਉਂਦਾ ਮਿਲਦਾ ਜਿਸਮ ਭੋਗਦਾ
ਮੁੜਕੇ ਗਲ਼ੇ ਲਗਾਉਂਦਾ ਨਹੀਂ ਉਹ

ਚੰਮ ਦੇ ਤੱਕ ਮੁਹੱਬਤ ਉਸਦੀ
ਕਹਿੰਦਾ ਮੈਂ ਕੋਈ ਛੱਲ ਨਹੀਂ ਕਰਦਾ
ਉਲਝ ਗਏ ਨੇ ਇਸ਼ਕ ਦੇ ਮਸਲੇ
ਪਤਾ ਨਹੀਂ ਕਿਉਂ ਹੱਲ ਨਹੀਂ ਕਰਦਾ

ਹੁਣ ਉਹ ਮੇਰੀ ਕਦਰ ਨਾ ਪਾਵੇ
ਦੂਰ ਦੂਰ ਜਿਹਾ ਹੁੰਦਾ ਜਾਵੇ
ਸ਼ਾਇਰੀ ਤੱਕ ਮੁਹੱਬਤ ਉਸਦੀ
ਨਜ਼ਮ 'ਚ ਮੈਨੂੰ ਰੱਬ ਬੁਲਾਵੇ

ਕਵਿਤਾ ਵਿੱਚ ਰੂਹ ਤੀਕਰ ਮੇਰਾ
ਉਂਝ ਨਾਂ ਮੇਰੇ ਪਲ ਨਹੀਂ ਕਰਦਾ
ਉਹ ਮੇਰੇ ਨਾਲ ਗੱਲ ਨੀ ਕਰਦਾ
ਹਾਂ ਜੀ ਹਾਂ ਅੱਜ ਕੱਲ੍ਹ ਨੀ ਕਰਦਾ
ਉਲਝ ਗਏ ਨੇ ਇਸ਼ਕ ਦੇ ਮਸਲੇ
ਪਤਾ ਨਹੀਂ ਕਿਉਂ ਹੱਲ ਨੀ ਕਰਦਾ

㋜㋜㋜㋜㋜

# ਵਾਸੀ ਕਬਰਾਂ ਦਾ

ਮੈਂ ਸੁਣਿਆ ਮੇਰੇ ਲਈ, ਤੂੰ ਲਿਖਦੀ ਰਹਿੰਦੀ ਏ
ਮੇਰੇ ਨਾਲ ਮੁਹੱਬਤ ਏ, ਨਜ਼ਮਾਂ ਵਿੱਚ ਕਹਿੰਦੀ ਏ

ਇੱਕ ਵਕਤ ਜਿਹੜਾ ਤੈਨੂੰ, ਚੰਗਾ ਨਹੀਂ ਲੱਗਦਾ ਸੀ
ਸੁਣਿਆ ਉਹ ਨਾਮ ਮੇਰਾ, ਹਰ ਸ਼ੇਅਰ ਚ ਲੈਂਦੀ ਏ

ਪਰ ਫ਼ਾਇਦਾ ਕੀ ਦੱਸ ਦੇ, ਹੁਣ ਪੁੱਛੀਆਂ ਖ਼ਬਰਾਂ ਦਾ
ਤੇਰਾ ਪ੍ਰੀਤ ਹੋ ਗਿਆ ਏ, ਵਾਸੀ ਹੁਣ ਕਬਰਾਂ ਦਾ

ਜਿਉਂਦੇ ਨਾਲ ਨਫ਼ਰਤ ਸੀ, ਮੋਏ ਨੂੰ ਚਾਉਂਦੀ ਏ!
ਕਰ ਕਤਲ ਫੁੱਲਾਂ ਦਾ ਕਿਉਂ, ਹੁਣ ਲੈ ਕੇ ਆਉਂਦੀ ਏ?

ਤੂੰ ਹੀ ਤਾਂ ਕਹਿੰਦੀ ਸੀ "ਵੇ ਬੋਲ ਨਾ ਬਾਹਲਾ ਤੂੰ"
ਹੁਣ ਦੱਸ ਫਿਰ ਮੈਨੂੰ ਕਿਉਂ ਹਰ ਰੋਜ਼ ਬੁਲਾਉਂਦੀ ਏ?

ਗਲ਼ ਘੁੱਟ ਚੁੱਕੀ ਏ ਤੂੰ, ਪਹਿਲਾਂ ਹੀ ਸਧਰਾਂ ਦਾ
ਤੇਰਾ ਪ੍ਰੀਤ ਹੋ ਗਿਆ ਏ, ਵਾਸੀ ਹੁਣ ਕਬਰਾਂ ਦਾ

ਪਹਿਲਾਂ ਨਾ ਕਰਿਆ ਤੂੰ, ਇਜ਼ਹਾਰ ਮੁਹੱਬਤ ਦਾ
ਹੁਣ ਰੋਜ ਆਖਦੀ ਏ, ਤੂੰ ਮੈਨੂੰ ਚਾਉਂਦੀ ਏ

ਜਿਉਂਦੇ ਜੀ ਆਇਆ ਨਹੀਂ, ਤੈਨੂੰ ਪਿਆਰ ਮੇਰੇ ਉੱਤੇ
ਹੁਣ ਮਰੇ ਦੀ ਮਿੱਟੀ ਕਿਉਂ, ਗਲ਼ ਨਾਲ ਲਗਾਉਂਦੀ ਏ

ਚੱਲ ਭੁੱਲ ਜਾ ਹੁਣ ਮੈਨੂੰ, ਘੁੱਟ ਭਰ ਲੈ ਸਬਰਾਂ ਦਾ
ਤੇਰਾ ਪ੍ਰੀਤ ਹੋ ਗਿਆ ਏ, ਵਾਸੀ ਹੁਣ ਕਬਰਾਂ ਦਾ

㋜㋜㋜㋜㋜

# ਰੂਹ ਦੀ ਇੱਛਾ

ਇੱਕ ਅਜ਼ਬ ਨਸ਼ਾ ਏ ਸੜਨੇ ਦਾ
ਹੁਣ ਪਿਆਰ ਜੁਦਾਈ ਵਿੱਚ ਸੱਜਣਾ
ਯਾਦਾਂ ਦੀ ਰੱਸੀ ਗਲ਼ ਮੇਰੇ
ਜਿੰਨੀ ਖਿੱਚਣੀ ਆ ਖਿੱਚ ਸੱਜਣਾ

ਤੱਕ ਲੈ ਅੱਜ ਤੂੰ ਵੀ ਸਬਰ ਮੇਰਾ
ਕਰ ਜ਼ੁਲਮ ਜਿੰਨਾ ਵੀ ਕਰਨਾ ਏ
ਇੱਛਾ ਰੂਹ ਮੇਰੀ ਦੀ ਇੱਕੋ
ਤੇਰੇ ਹੱਥੋਂ ਹੀ ਮਰਨਾ ਏ

ਹਰ ਕਤਰਾ ਲਹੂ ਨਿਚੋੜ ਦੇਣਾ
ਹੱਥੀਂ ਟੁੱਟੇ ਕੱਚ ਘੁੱਟਣੇ ਨੇ
ਅੱਗ ਉੱਤੇ ਚੱਲਣਾ ਝੂਠਿਆ ਮੈਂ
ਸੁੱਟ ਕੋਲੇ ਜਿੰਨੇ ਸੁੱਟਣੇ ਨੇ

ਮੇਰੀ ਰੂਹ ਹੋ ਗਈ ਸ਼ਮਸ਼ਾਨ ਯਾਰਾ
ਹੁਣ ਦੱਸ ਕਿਸ ਗੱਲ ਤੋਂ ਡਰਨਾ ਏ
ਇੱਛਾ ਰੂਹ ਮੇਰੀ ਦੀ ਇੱਕੋ
ਤੇਰੇ ਹੱਥੋਂ ਹੀ ਮਰਨਾ ਏ

# ਔਖਾ ਲੱਗਦਾ ਏ

ਹੁਣ ਤਾਂ ਸਾਹ ਲੈਣਾ ਵੀ ਔਖਾ ਲੱਗਦਾ ਏ
ਜੀਣੇ ਨਾਲੋਂ ਮਰਨਾ ਸੌਖਾ ਲੱਗਦਾ ਏ
ਪਿਆਰ ਵਫ਼ਾਵਾਂ ਕਸਮਾਂ ਦਾਅਵੇ ਝੂਠੇ ਨੇ
ਸੱਜਣ ਦਾ ਹਰ ਵਾਅਦਾ ਧੋਖਾ ਲੱਗਦਾ ਏ

ਇਸ਼ਕ ਅਧੂਰਾ ਰਹਿ ਗਿਆ ਦੂਣੇ ਗ਼ਮ ਮਿਲ ਗਏ
ਦਰਦ ਸੀਨੇ ਵਿੱਚ ਦੱਬਿਆ ਚੌਖਾ ਲੱਗਦਾ ਏ
ਹੁਣ ਤਾਂ ਸਾਹ ਲੈਣਾ ਵੀ ਔਖਾ ਲੱਗਦਾ ਏ
ਜੀਣੇ ਨਾਲੋਂ ਮਰਨਾ ਸੌਖਾ ਲੱਗਦਾ ਏ

ਅੱਗ ਦਾ ਦੱਸ ਮੁਕਾਬਲਾ ਕੀ ਏ ਨਾਲ ਮੇਰੇ
ਲਾਵਾ ਬਣ ਕੇ ਇਸ਼ਕ ਤੇਰੇ ਵਿੱਚ ਬਲਿਆ ਹਾਂ
ਲੋਕ ਮੁਰੀਦ ਨੇ ਮੇਰੇ ਹੱਸਦੇ ਚਿਹਰੇ ਦੇ
ਓਹਨਾਂ ਨੂੰ ਨਹੀਂ ਪਤਾ ਮੈਂ ਅੰਦਰੋਂ ਜਲਿਆ ਹਾਂ

ਮਾਸ ਖਵਾ ਦੇ ਸਾਡਾ ਆਪਣੇ ਕੁੱਤਿਆਂ ਨੂੰ
ਵੈਸੇ ਵੀ ਕੀ ਫ਼ਾਇਦਾ ਮੈਂ ਤੁਰ ਚੱਲਿਆ ਹਾਂ
ਹੱਡ ਬਚੂ ਜੋ ਮੇਰੇ ਸੁਰਮਾ ਕਰ ਰੱਖ ਲਈ
ਬਣ ਕੇ ਰਾਖ ਮੈਂ ਇਸ਼ਕ ਤੇਰੇ ਵਿੱਚ ਰਲਿਆ ਹਾਂ

ਦੁਆ ਕਰਾਂਗਾ ਅੱਲਾਹ ਤੇਰਾ ਸਾਥ ਦੇਵੇ
ਮੋਹ ਨਾਲ ਭਿੱਜੇ ਦਿਨ ਰੌਸ਼ਨ ਹਰ ਰਾਤ ਦੇਵੇ
ਦੱਸ ਮਾੜਾ ਕਿੰਝ ਪ੍ਰੀਤ ਤੈਨੂੰ ਹੁਣ ਆਖ ਦੇਵੇ
ਇਸ਼ਕ ਤੇਰੇ ਵਿੱਚ ਪੈ ਕੇ ਸ਼ਾਇਰ ਬਣਿਆ ਹਾਂ

ਮੌਤ ਮੇਰੀ ਦੀ ਨਿੱਤ ਦੁਆ ਕਰਦੀ ਸੀ ਤੂੰ
ਤੇਰੇ ਲਈ ਇਹ ਚੰਗਾ ਮੌਕਾ ਲੱਗਦਾ ਏ
ਹੁਣ ਤਾਂ ਸਾਹ ਲੈਣਾ ਵੀ ਔਖਾ ਲੱਗਦਾ ਏ
ਜੀਣੇ ਨਾਲੋਂ ਮਰਨਾ ਸੌਖਾ ਲੱਗਦਾ ਏ
ਪਿਆਰ ਵਫ਼ਾਵਾਂ ਕਸਮਾਂ ਦਾਅਵੇ ਝੂਠੇ ਨੇ
ਸੱਜਣ ਦਾ ਹਰ ਵਾਅਦਾ ਧੋਖਾ ਲੱਗਦਾ ਏ

# ਇੱਕ ਮੁਟਿਆਰ

ਵੱਟੋ-ਵੱਟ ਤੁਰਦੀ ਹੋਈ ਮੇਰਿਆਂ ਖੇਤਾਂ ਦੇ ਵਿੱਚ
ਮੈਨੂੰ ਨੱਕਾ ਮੋੜਦੇ ਨੂੰ, ਹੱਥ ਫੜ ਲੈ ਗਈ
ਮੋਟਰ ਤੇ ਰੁਕ ਪਹਿਲਾਂ ਪਾਣੀ ਪੀਤਾ ਓਹਨੇ ਫਿਰ
ਜਾਮਣ ਦੇ ਥੱਲੇ ਡਿੱਠੀ ਮੰਜੀ ਉੱਤੇ ਬਹਿ ਗਈ

ਕਹਿੰਦੀ ਵੇ ਪ੍ਰੀਤ ਸੁਣ, ਉੱਧੜੇ ਹੋਏ ਖ਼ਵਾਬ ਬੁਣ
ਮਿੱਠੀ ਜਿਹੀ ਆਵਾਜ਼ ਓਹਦੀ ਦਿਲ ਵਿੱਚ ਲਹਿ ਗਈ
ਪਿਆਰ ਨਾ' ਸਵਾਰੇ ਓਹਨੇ ਵਾਲ਼ ਮੂੰਹੋਂ ਬੋਲਦੀ ਨੇ
ਕੁਝ ਕੁ ਪਲਾਂ ਚ ਗੱਲਾਂ ਕਿੰਨੀਆਂ ਹੀ ਕਹਿ ਗਈ

ਰੰਗ ਸੀ ਸੁਨਿਹਰੀ ਓਹਦੀ ਖੁਸ਼ਬੂ ਗੁਲਾਬਾਂ ਜਿਹੀ ਸੀ
ਬੁੱਲ ਲਾਲ ਸੂਹੇ, ਅੱਖਾਂ ਬਿੱਲੀਆਂ ਕਮਾਲ ਸੀ
ਇੱਕ ਇੱਕ ਕਰ ਦਿੰਦੀ ਰਹੀ ਓਹ ਜਵਾਬ ਸਾਰੇ
ਪੁੱਛ ਲਏ ਸੀਨੇ 'ਚ ਦੱਬੇ ਜਿੰਨੇ ਮੈਂ ਸਵਾਲ ਸੀ

ਹੋ ਗਿਆ ਮਾਯੂਸ ਜਦੋਂ ਬੋਲੀ "ਚੰਗਾ ਚੱਲਦੀ ਆ"
ਪਤਾ ਸੀ ਮੈਨੂੰ ਕਿ ਓਹਨੇ ਮੁੜ ਫਿਰ ਆਉਣਾ ਨਹੀਂ
ਇੰਨੀ ਹੀ ਖੁਸ਼ੀ ਏ ਚਲੋ ਖ਼ਾਬਾਂ ਚ ਦੀਦਾਰ ਹੋ ਗਏ
ਨਹੀਂ ਤਾਂ ਓਹਨੂੰ ਮੈਂ ਸ਼ਾਇਦ ਮਿਲ ਵੀ ਨਹੀਂ ਪਾਉਣਾ ਸੀ

ਜੰਨਤ ਸੀ ਨਾਮ ਓਹਦਾ, ਮੁਲਕ ਵੀ ਜੰਨਤ ਸੀ
ਰਿਸ਼ਤਾ ਓਹਦੇ ਨਾ' ਮੇਰਾ ਚਿਰਾਂ ਦਾ ਪੁਰਾਣਾ ਸੀ
ਰੱਬ ਨੇ ਇਜ਼ਾਜਤ ਨਹੀਂ ਦਿੱਤੀ ਗਲ਼ ਲਾਉਣ ਦੀ ਵੀ
ਖ਼ਬਰ ਹੁੰਦੀ ਜੇ ਮੈਂ ਵੀ ਨਾਲ ਓਹਦੇ ਜਾਣਾ ਸੀ

ਆਵੇ ਨਾ ਸਮਝ, ਓਹਦੀ ਕਿਵੇਂ ਮੈਂ ਸਿਫ਼ਤ ਕਰਾਂ
ਲੱਭਣ ਨਾ ਸ਼ਬਦ ਕਿਸੇ ਵੀ ਕਿਤਾਬ 'ਚ
ਵੱਟੋ-ਵੱਟ ਤੁਰਦੀ ਹੋਈ ਮੇਰਿਆਂ ਖੇਤਾਂ ਦੇ ਵਿੱਚ
ਸਰੋਂ ਕੱਦੀ ਇੱਕ ਮੁਟਿਆਰ ਆਈ ਖ਼ਾਬ 'ਚ

㋜㋜㋜㋜㋜

# ਮੈਂ ਲਿਖਣਾ ਚਾਹੁੰਦਾ ਹਾਂ

ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਕੋਇਲ ਦੀ ਆਵਾਜ਼ ਜਿਹਾ
ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਆਸ਼ਕਾਂ ਦੇ ਅਰਮਾਨ ਜਿਹਾ

ਮੈਂ ਲਿਖਣਾ ਚਾਹੁੰਦਾ ਪਹਿਲੇ ਪਿਆਰ ਦੇ ਪਹਿਲੇ ਜ਼ਜਬਿਆਂ ਨੂੰ
ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਧਰਤੀ ਤੇ ਅਸਮਾਨ ਜਿਹਾ

ਜਿਸ ਵਿੱਚ ਹੋਵੇ ਜ਼ਿਕਰ, ਸੱਸੀ, ਸਾਹਿਬਾ ਤੇ ਹੀਰਾਂ ਦਾ
ਜਿਸ ਵਿੱਚ ਹੋਵੇ ਜ਼ਿਕਰ, ਟੁੱਟੇ ਮਿਰਜ਼ੇ ਦੇ ਤੀਰਾਂ ਦਾ

ਜਿਸ ਵਿੱਚ ਹੋਵੇ ਸਬਰ ਰਾਂਝੇ ਤੇ ਮਜਨੂੰ ਦਾ ਭਰਿਆ
ਜਿਸ ਵਿੱਚ ਹੋਵੇ ਜ਼ਿਕਰ ਸਾਰੇ ਸੱਤਾਂ ਹੀ ਨੀਰਾਂ ਦਾ

ਜਿਸ ਦੇ ਵਿੱਚ ਜ਼ਮੀਨ ਆਸਮਾਂ' ਦੇ ਨਾਲ ਜੁੜ ਜਾਵੇ
ਜਿਸ ਨੂੰ ਪੜ੍ਹ ਕੇ ਰੁੱਸਿਆ ਸੱਜਣ ਵਾਪਿਸ ਮੁੜ ਆਵੇ

ਜਿਸ ਵਿੱਚ ਹੋਵੇ ਮੁਹੱਬਤ ਅੱਗ ਨੂੰ ਪਾਣੀ ਨਾਲ ਸੱਚੀ
ਜਿਸ ਨੂੰ ਪੜ੍ਹਕੇ ਰੂਹ ਇੱਕ, ਦੂਜੀ ਰੂਹ ਨਾਲ ਜੁੜ ਜਾਵੇ

ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਘਾਹ ਤੇ ਪਈ ਤਰੇਲ਼ ਜਿਹਾ
ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਦੋ ਰੂਹਾਂ ਦੇ ਮੇਲ ਜਿਹਾ

ਮੈਂ ਇੱਕ ਅੱਲ੍ਹੜ ਦੇ ਪਹਿਲੇ ਪਿਆਰ ਦੀ ਸੰਗ ਨੂੰ ਲਿਖਣਾ ਏ
ਓਹਦੇ ਸਾਥੀ ਵੱਲੋਂ ਜਿਸਮ ਦੀ ਕੀਤੀ ਮੰਗ ਨੂੰ ਲਿਖਣਾ ਏ

ਮੈਂ ਲਿਖਣਾ ਓਹਦੀ ਮੁਹੱਬਤ, ਓਹਦੀ ਨਫ਼ਰਤ ਨੂੰ ਲਿਖਣਾ
ਓਹਦੇ ਹੰਝੂ, ਪੀੜ੍ਹਾਂ, ਯਾਦਾਂ, ਟੁੱਟੀ ਵੰਗ ਨੂੰ ਲਿਖਣਾ ਏ

ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਜੰਗਲਾਂ ਵਿੱਚ ਪਈ ਚੁੱਪ ਜਿਹਾ
ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਸਰਦੀ ਵਿੱਚ ਪਈ ਧੁੱਪ ਜਿਹਾ

ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਟਿੱਬਿਆਂ ਵਿੱਚ ਪਈ ਰੇਤ ਜਿਹਾ
ਮੈਂ ਲਿਖਣਾ ਚਾਹੁੰਦਾ ਹਾਂ ਕੁਝ, ਖਿੜੇ ਫੁੱਲਾਂ ਦੇ ਖੇਤ ਜਿਹਾ

㋜㋜㋜㋜㋜

# ਇਸ਼ਕ ਮੁਹੱਬਤ

ਇਸ਼ਕ ਮੁਹੱਬਤ ਜਾਲ਼ ਜਿਹਾ ਹੈ
ਸੋਕੇ ਅਤੇ ਅਕਾਲ ਜਿਹਾ ਹੈ
ਬਾਅਦ 'ਚ ਰੰਗ ਦਿਖਾਵੇ ਅਸਲੀ
ਪਹਿਲਾਂ ਪਹਿਲ ਕਮਾਲ ਜਿਹਾ ਹੈ

ਮਗਰਮੱਛਾਂ ਨਾਲ ਭਰੀ ਹੋਈ ਜੋ
ਇਹ ਹੈ ਖ਼ੂਨੀ ਨਹਿਰ ਦੇ ਵਰਗਾ
ਰਫ਼ਤਾ ਰਫ਼ਤਾ ਅਸਰ ਦਿਖਾਉਂਦਾ
ਇਹ ਹੈ "ਹੌਲੀ ਜ਼ਹਿਰ" ਦੇ ਵਰਗਾ

ਵਕ਼ਤ ਦੇ ਨਾਲ ਕਰੂਪ ਹੋ ਜਾਂਦਾ
ਪਹਿਲਾਂ ਪਹਿਲ ਕਮਾਲ ਜਿਹਾ ਹੈ
ਇਸ਼ਕ ਮੁਹੱਬਤ ਜਾਲ਼ ਜਿਹਾ ਹੈ
ਸੋਕੇ ਅਤੇ ਅਕਾਲ ਜਿਹਾ ਹੈ
ਬਾਅਦ 'ਚ ਰੰਗ ਦਿਖਾਵੇ ਅਸਲੀ
ਪਹਿਲਾਂ ਪਹਿਲ ਕਮਾਲ ਜਿਹਾ ਹੈ

ਲੱਖਾਂ ਰੂਹਾਂ ਰੋਜ਼ ਖਾ ਜਾਂਦਾ
ਬਿਰਹੋਂ ਝੋਲੀ ਵਿੱਚ ਪਾ ਜਾਂਦਾ
ਮੋਹ ਨਾਲ ਪਾਲ਼ੀ ਫ਼ਸਲ ਵਸਲ ਦੀ
ਪੱਕਣ ਵੇਲ਼ੇ ਕੋਈ ਵਾਹ ਜਾਂਦਾ
ਜਿਸਦਾ ਹੱਲ ਕੋਈ ਲੱਭ ਨਾ ਪਾਇਆ

ਬਿਲਕੁਲ ਉਸੇ ਸਵਾਲ ਜਿਹਾ ਹੈ
ਇਸ਼ਕ ਮੁਹੱਬਤ ਜਾਲ਼ ਜਿਹਾ ਹੈ
ਸੋਕੇ ਅਤੇ ਅਕਾਲ ਜਿਹਾ ਹੈ
ਬਾਅਦ 'ਚ ਰੰਗ ਦਿਖਾਵੇ ਅਸਲੀ
ਪਹਿਲਾਂ ਪਹਿਲ ਕਮਾਲ ਜਿਹਾ ਹੈ

# ਜਿਸ ਦਿਨ ਦਾ

ਜਿਸ ਦਿਨ ਦਾ ਮੈਂ ਤੈਨੂੰ ਸੱਜਣਾ ਪੜ੍ਹਨ ਲੱਗਾ ਹਾਂ
ਸੱਚ ਆਖਾਂ ਖ਼ੁਦ ਨੂੰ ਹੀ ਨਫ਼ਰਤ ਕਰਨ ਲੱਗਾ ਹਾਂ

ਤੇਰੇ ਬੋਲ ਮੇਰੇ ਕੰਨ ਪਾੜਨ, ਰੂਹ ਨੂੰ ਸਾੜਨ ਨੀ
ਮੈਂ ਖ਼ੁਦ ਨੂੰ ਸ਼ੀਸ਼ੇ ਵਿੱਚ ਤੱਕਣੋ ਵੀ ਡਰਨ ਲੱਗਾ ਹਾਂ

ਜਿਸ ਦਿਨ ਦਾ ਮੈਂ ਤੈਨੂੰ ਸੱਜਣਾ ਪੜ੍ਹਨ ਲੱਗਾ ਹਾਂ
ਸੱਚ ਆਖਾਂ ਖ਼ੁਦ ਨੂੰ ਹੀ ਨਫ਼ਰਤ ਕਰਨ ਲੱਗਾ ਹਾਂ

ਤੇਰੀ ਸ਼ਾਇਰੀ ਦਾ ਹਰ ਲਫ਼ਜ਼ ਕੰਨਾਂ ਵਿੱਚ ਗੂੰਜ ਰਿਹਾ
ਮੈਥੋਂ ਪਾਪ ਸਮੇਟ ਨਾ ਹੋਣ, ਕਦੋਂ ਦਾ ਹੂੰਝ ਰਿਹਾ

ਹੰਝੂਆਂ ਨੇ ਪਾਇਆ ਘਰ ਪੱਕਾ ਹੁਣ ਪਲਕਾਂ ਤੇ
ਇੱਕ ਆਵੇ ਦੂਜਾ ਜਾਵੇ, ਅੱਖਾਂ ਮੈਂ ਪੂੰਝ ਰਿਹਾ

ਮੈਨੂੰ ਆਪਣੀ ਸ਼ਾਇਰੀ ਵਿੱਚ ਤੂੰ, ਬੜਾ ਜ਼ਲੀਲ ਕੀਤਾ
ਮੈਂ ਗ਼ਲਤ ਕੀਤਾ ਤੇਰੇ ਨਾਲ, ਹੁਣ ਮੈਂ ਫੀਲ ਕੀਤਾ

ਤੇਰੇ ਦਰਦਾਂ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਏ
ਮੈਂ ਸੋਚ ਹੈਰਾਨ ਤੂੰ ਕਿੱਦਾਂ ਹੋਣਾ ਡੀਲ ਕੀਤਾ

ਮੈਨੂੰ ਬੁਰਾ ਕਹਿਣ ਜੋ ਬੁਰੇ ਮੈਨੂੰ ਹੁਣ ਨਹੀਂ ਲੱਗਦੇ
ਮੈਨੂੰ ਕਹਿਣ ਜੋ ਚੰਗਾ ਓਹਨਾਂ ਨਾਲ ਮੈਂ ਲੜਨ ਲੱਗਾ ਹਾਂ

ਜਿਸ ਦਿਨ ਦਾ ਮੈਂ ਤੈਨੂੰ ਸੱਜਣਾ ਪੜ੍ਹਨ ਲੱਗਾ ਹਾਂ
ਸੱਚ ਆਖਾਂ ਖ਼ੁਦ ਨੂੰ ਹੀ ਨਫ਼ਰਤ ਕਰਨ ਲੱਗਾ ਹਾਂ

ⓈⓈⓈⓈⓈ

# ਮੈਂ ਤੇ ਮੈਂ

ਮੈਂ ਤੇ ਮੈਂ ਕੱਲ੍ਹ ਮਿਲ ਬੈਠੇ ਸੀ
ਬਹੁਤ ਗੱਲਾਂ ਅਸੀਂ ਸਾਂਝੀਆਂ ਕਰੀਆਂ

ਇੱਕ ਮੈਂ ਅੱਖਾਂ ਪੂੰਝਣ ਲੱਗਿਆ
ਦੂਜੇ ਨੇ ਜਦ ਅੱਖਾਂ ਭਰੀਆਂ

ਸੜੀਆਂ ਬਲ਼ੀਆਂ ਯਾਦਾਂ ਵਾਲੇ
ਵਰਕੇ ਫ਼ਿਰ ਤੋਂ ਫ਼ੋਲ ਹੋ ਗਏ

ਸੱਜਣਾ ਦੀ ਵੀ ਯਾਦ ਆਈ
ਜੋ ਹੁਣ ਗੈਰਾਂ ਦੇ ਕੋਲ਼ ਹੋ ਗਏ

ਨਾ ਚਾਹੁੰਦੇ ਹੋਏ ਜ਼ਿਕਰ ਹੋ ਗਿਆ
ਫਿਰ ਤੋਂ ਉਸਦਾ ਫ਼ਿਕਰ ਹੋ ਗਿਆ

ਸੱਚ ਆਖਾਂ ਕੁਝ ਮੰਦੇ ਚੰਗੇ
ਬੋਲ ਓਹਦੇ ਲਈ ਬੋਲ ਹੋ ਗਏ

ਕੁਝ ਪਲ ਲਈ ਸੀ ਸਮਾਂ ਰੁਕ ਗਿਆ
ਘੜੀਆਂ ਲੱਗ ਰਹੀਆਂ ਸੀ ਖੜੀਆਂ

ਮੈਂ ਤੇ ਮੈਂ ਕੱਲ੍ਹ ਮਿਲ ਬੈਠੇ ਸੀ
ਬਹੁਤ ਗੱਲਾਂ ਅਸੀਂ ਸਾਝੀਆਂ ਕਰੀਆਂ

ਇੱਕ ਮੈਂ ਅੱਖਾਂ ਪੂੰਝਣ ਲੱਗਿਆ
ਦੂਜੇ ਨੇ ਜਦ ਅੱਖਾਂ ਭਰੀਆਂ

㋜㋜㋜㋜㋜

# ਝੂਠੀਆਂ ਉਮੀਦਾਂ

ਬਿੱਲੋ ਝੂਠੀਆਂ ਉਮੀਦਾਂ ਦਾ ਤੂੰ ਛੱਡ ਦੇ ਸਹਾਰਾ
ਮੈਂ ਆਪਣੀ ਹੀ ਧੁਨ ਵਿੱਚ ਘੁੰਮਦਾ ਆਵਾਰਾ

ਥੋੜਾ ਵਰਤ ਦਿਮਾਗ, ਪਿਆਰ ਇੱਕ ਪਾਸੇ ਰੱਖ
ਦੇਖ ਸੋਹਣੀਏ ਗੁਨਾਹ ਨੇ ਮੇਰੇ ਸਿਰ ਉੱਤੇ ਲੱਖ

ਮੈਂ ਕਾਬਿਲ ਨਹੀਂ ਤੇਰੇ, ਮੇਰਾ ਸਾਥ ਕਿਉਂ ਤੂੰ ਮੰਗੇ
ਮੈਂ ਪਾਪੀ ਮੇਰੇ ਹੱਥ ਦੇਖ ਖ਼ੂਨ ਨਾਲ ਰੰਗੇ

ਮੇਰੇ ਦਿਲ 'ਚ ਮੱਕਾਰੀ ਧੋਖਾ ਅਤੇ ਬੇਈਮਾਨੀ
ਜੋ ਜੇਲਾਂ 'ਚ ਨੇ ਬੰਦ ਮੈਥੋਂ ਲੱਖ ਗੁਣਾਂ ਚੰਗੇ

ਮੈਂ ਵੇਚਤਾ ਜ਼ਮੀਰ ਨਾਲੇ ਵੇਚਿਆ ਇਮਾਨ ਨੂੰ
ਮੈਂ ਪਾਪ ਕਰਨ ਚ ਪਿੱਛੇ ਛੱਡਤਾ ਸ਼ੈਤਾਨ ਨੂੰ

ਤੈਨੂੰ ਆਖਦਾ ਪਹਿਲਾਂ ਹੀ ਦਿਲ ਮੇਰੇ ਨਾਂ ਨਾ ਲਾਵੀਂ
ਮੇਰੀ ਲਿਖਤਾਂ ਨੂੰ ਪੜ੍ਹ ਐਵੇਂ ਧੋਖੇ 'ਚ ਨਾ ਆਵੀਂ

ਬਸ ਪਿਆਰ ਮੈਂ ਜਤਾਵਾਂ ਬਿੱਲੋ ਸ਼ਾਇਰੀ ਦੇ ਵਿੱਚ
ਪ੍ਰੀਤ ਜ਼ਿੰਦਗੀ 'ਚ ਬੁਰਾ, ਚੰਗਾ ਡਾਇਰੀ ਦੇ ਵਿੱਚ

# ਕਦ ਤੂੰ ਹੋ ਕੇ ਤਿਆਰ ਲਿਖੇਂਗਾ

ਕਦ ਤੂੰ ਹੋ ਕੇ ਤਿਆਰ ਲਿਖੇਂਗਾ
ਇਸ਼ਕੇ ਲਈ ਸਤਿਕਾਰ ਲਿਖੇਂਗਾ
ਬਿਰਹੋਂ ਤਾਂ ਤੂੰ ਲਿਖਦਾ ਰਹਿੰਨਾ
ਦੱਸ ਕਦ ਰਸ ਸ਼ਿੰਗਾਰ ਲਿਖੇਂਗਾ

ਇੱਕ ਪਾਸਾ ਤਾਂ ਦੇਖ ਚੁੱਕੇ ਆਂ
ਹੁਣ ਕਦ ਪਰਲਾ ਪਾਰ ਲਿਖੇਂਗਾ
ਕਵਿਤਾ ਵਿੱਚ ਕਦ ਅਸਾਂ ਦੋਵਾਂ ਨੂੰ
ਲਾਵਾਂ ਲੈਂਦੇ ਚਾਰ ਲਿਖੇਂਗਾ

ਦੱਸ ਮੈਨੂੰ ਕਦ ਮਿਲਣ ਆਵੇਂਗਾ
ਪੀੜ੍ਹਾਂ ਕੋਲੋਂ ਵਾਂਝਾ ਹੋਕੇ
ਦੱਸ ਚਰਾਵੇਂਗਾ ਕੀ ਮੱਝੀਆਂ
ਤੂੰ ਮੇਰੇ ਲਈ ਰਾਂਝਾ ਹੋਕੇ ??

ਵਲਵਲਿਆਂ ਦੇ ਰੱਥ ਦੇ ਉੱਤੇ
ਕਦ ਤੂੰ ਹੋਕੇ ਸਵਾਰ ਲਿਖੇਂਗਾ
ਜੋ ਤੇਰੀ ਰੂਹ ਦਾ ਹਿੱਸਾ ਏ
ਨਜ਼ਮਾਂ ਵਿੱਚ ਕਦ ਪਿਆਰ ਲਿਖੇਂਗਾ

# ਕਿਨਾਰਾ

ਕਰ ਮੇਰੇ ਤੋਂ ਕਿਨਾਰਾ, ਕਿੱਥੇ ਜਾ ਰਿਹਾ ਏ ਯਾਰਾ
ਦਿਲ ਰੋਂਦਾ ਏ ਬੇਚਾਰਾ, ਤੈਨੂੰ ਖ਼ਬਰ ਹੀ ਨਹੀਂ

ਪਿੱਛੇ ਪੱਟਾਂ ਕਿਵੇਂ ਪੈਰ, ਛੱਡੇ ਆਪਣੇ ਤੇ ਗ਼ੈਰ
ਤੇਰੀ ਮੰਗਦੀ ਮੈਂ ਖ਼ੈਰ, ਤੈਨੂੰ ਕਦਰ ਹੀ ਨਹੀਂ

ਅੱਖਾਂ ਥੱਲੇ ਕਾਲੇ ਘੇਰੇ, ਪੈ ਗਏ ਨੇ ਯਾਰਾ ਮੇਰੇ
ਮੈਥੋਂ ਦੂਰ ਹੋ ਗਿਆ ਤੂੰ, ਗ਼ੈਰਾਂ ਦੇ ਹੋਇਆ ਏ ਨੇੜੇ

ਬੜਾ ਮਸ਼ਰੂਫ ਏ ਤੂੰ, ਅੱਜ ਕੱਲ੍ਹ ਪਤਾ ਲੱਗਾ
ਤਾਂਹੀਓ ਸ਼ਾਇਦ ਦਿਖਦੇ ਨਹੀਂ, ਸੱਜਣਾ ਹਾਲਾਤ ਮੇਰੇ

ਸਾਨੂੰ ਰਹਿੰਦਿਆਂ ਨੂੰ ਨਾਲ, ਪੰਜ ਹੋ ਗਏ ਨੇ ਸਾਲ
ਵੇ ਤੂੰ ਸਮਝੇ ਨਾ ਹਾਲ, ਤੈਨੂੰ ਕਦਰ ਹੀ ਨਹੀਂ

ਕਰ ਮੇਰੇ ਤੋਂ ਕਿਨਾਰਾ, ਕਿੱਥੇ ਜਾ ਰਿਹਾ ਏ ਯਾਰਾ
ਦਿਲ ਰੋਂਦਾ ਏ ਬੇਚਾਰਾ, ਤੈਨੂੰ ਖ਼ਬਰ ਹੀ ਨਹੀਂ

# ਅਸਲ ਮੁਹੱਬਤ

ਅਸਲ ਮੁਹੱਬਤ ਕੀ ਹੁੰਦੀ ਏ
ਹਾਲੇ ਤੈਨੂੰ ਪਤਾ ਨਹੀਂ ਏ
ਇਸ਼ਕ ਇਸ਼ਕ ਤੂੰ ਕਰੇ ਝੂਠਿਆ
ਇਲਮ ਇਸ਼ਕ ਦਾ ਰਤਾ ਨਹੀਂ ਏ

ਹਾਲੇ ਤਾਂ ਅਣਜਾਣ ਪ੍ਰੀਤ ਤੂੰ
ਇਸ਼ਕ ਦੇ ਬਾਰੇ ਬੋਲ ਨਾ ਕੁਝ ਤੂੰ
ਇਸ਼ਕ ਦੀਆਂ ਨੇ ਡੂੰਘੀਆਂ ਰਮਜ਼ਾਂ
ਪਹਿਲਾ ਸੋਚ ਸਮਝ ਫਿਰ ਬੁੱਝ ਤੂੰ

ਇਸ਼ਕ ਸੋਹਣਿਆ ਇੰਝ ਨਹੀਂ ਮਿਲਦਾ
ਪੱਥਰਾਂ ਦੇ ਵਿੱਚ ਫੁੱਲ ਨਹੀਂ ਖਿਲਦਾ
ਇਸ਼ਕ ਦੀ ਖੇਤੀ ਜੇ ਤੂੰ ਕਰਨੀ
ਖ਼ਾਕ ਪਹਿਲਾਂ ਕਰ ਖ਼ੁਦ ਤੂੰ ਖ਼ੁਦ ਨੂੰ

ਫਿਰੇਂ ਭਾਲਦਾ ਸੋਹਣੇ ਚਿਹਰੇ
ਇਸ਼ਕ ਮਗਰ ਰੰਗ ਰੂਪ ਨਾ ਵੇਖੇ
ਯਾਰ ਨੂੰ ਰੱਬ ਬਣਾ ਲੈਂਦਾ ਏ
ਉਹਨੂੰ ਹੀ ਫਿਰ ਮੱਥੇ ਟੇਕੇ

ਦੇਖੇ ਨਾ ਇਹ ਸੋਨਾ ਚਾਂਦੀ
ਨਾਹੀਂ ਜਾਤ ਮਜ਼੍ਹਬ ਨੂੰ ਤੱਕਦਾ
ਕਦੇ ਬਰਫ਼ ਜਿਹਾ ਸ਼ੀਤ ਹੁੰਦਾ ਏ
ਕਦੇ ਅਗਨ ਦੇ ਵਾਂਗ ਏ ਭੱਖਦਾ

ਇਸ਼ਕ ਮੰਗੇ ਕੁਰਬਾਨੀ ਸੱਜਣਾ
ਗੱਲ ਕਿਸੇ ਨੇ ਸੱਚ ਕਰੀ ਏ
ਅਸਲ ਮੁਹੱਬਤ ਕੀ ਹੁੰਦੀ ਏ
ਹਾਲੇ ਤੈਨੂੰ ਪਤਾ ਨਹੀਂ ਏ
ਇਸ਼ਕ ਇਸ਼ਕ ਤੂੰ ਕਰੇ ਝੂਠਿਆ
ਇਲਮ ਇਸ਼ਕ ਦਾ ਰਤਾ ਨਹੀਂ ਏ

㋜㋜㋜㋜㋜

# ਫੁੱਲ ਤੇ ਪੱਥਰ

ਉਸਨੇ ਮੇਰਾ ਸਭ ਕੁਝ ਲੁੱਟਿਆ
ਗਲ਼ ਨਾਲ ਲਾਕੇ ਗਲ਼ ਨੂੰ ਘੁੱਟਿਆ

ਉਸਨੇ ਪਾਸਾ ਵੱਟਿਆ ਸੀ ਜਦ
ਲੱਗਿਆ ਜਿਉਂ ਹੱਥ ਰੱਬ ਦਾ ਛੁੱਟਿਆ

ਮੈਂ ਇਸ਼ਕੇ ਦਾ ਰੁੱਖ ਲਗਾਇਆ
ਉਸਨੇ ਇੱਕ ਝਟਕੇ ਵਿੱਚ ਪੁੱਟਿਆ

ਇਸ਼ਕ ਨੇ ਕਰਤੀ ਐਸੀ ਹਾਲਤ
ਜਿਉਂ ਫੁੱਲਾਂ ਤੇ ਪੱਥਰ ਸੁੱਟਿਆ

㋜㋜㋜㋜㋜

# ਅੱਜ

ਸਿਰ ਨੂੰ ਫੜ ਕੇ ਬਹਿ ਗਈ ਅੱਜ
ਪਤਾ ਨਹੀਂ ਕੀ ਕੀ ਸਹਿ ਗਈ ਅੱਜ

ਸਭ ਪਾਸੇ ਤੋਂ ਚੰਗੀ ਸੀ ਮੈਂ
ਸਭ ਤੋਂ ਪਿੱਛੇ ਰਹਿ ਗਈ ਅੱਜ

ਦਿਲ ਦਿਲ ਆਖਣ ਵਾਲ਼ੇ ਦੇ ਹੀ
ਮੈਂ ਤਾਂ ਦਿਲ ਤੋਂ ਲਹਿ ਗਈ ਅੱਜ

ਮੇਰੇ ਤੋਂ ਵੀ ਤਨਹਾ ਏ ਤੂੰ
ਤਨਹਾਈ ਮੈਨੂੰ ਕਹਿ ਗਈ ਅੱਜ

㋜㋜㋜㋜㋜

# ਰੇਗਿਸਤਾਨ

ਜੋ ਜੋ ਕੀਤਾ ਨਾਲ ਮੇਰੇ ਤੂੰ
ਹਰ ਇੱਕ ਵਾਅਦਾ ਲਾਰਾ ਲੱਗੇ

ਪਲਕਾਂ ਕੋਲੋਂ ਸਾਂਭ ਨਾ ਹੋਵੇ
ਅੱਖ ਨੂੰ ਹੰਝੂ ਭਾਰਾ ਲੱਗੇ

ਇਸ਼ਕ ਤੇਰਾ ਮੇਰਾ ਸੀਨਾ ਚੀਰੇ
ਦੋ ਮੂੰਹਾ ਕੋਈ ਆਰਾ ਲੱਗੇ

ਜਦ ਸ਼ੀਸ਼ੇ ਵਿੱਚ ਤੱਕਦੀ ਖ਼ੁਦ ਨੂੰ
ਆਪਣਾ ਆਪ ਬੇਚਾਰਾ ਲੱਗੇ

ਮੇਰਾ ਦਿਲ ਹੁਣ ਦਿਲ ਨਹੀਂ ਸੱਜਣਾ
ਰੇਗਿਸਤਾਨ ਸਹਾਰਾ ਲੱਗੇ

# ਤੇਰੇ ਬਿਨ

ਨੇਤਰ ਮੇਰੇ ਪੜ੍ਹ ਨਹੀਂ ਸਕਦਾ
ਦਿਲ ਦੇ ਅੰਦਰ ਵੜ ਨਹੀਂ ਸਕਦਾ

ਰੂਹ ਮੇਰੀ ਦਾ ਖਾਲੀਪਣ ਵੇ
ਬਿਨ ਤੇਰੇ ਕੋਈ ਭਰ ਨਹੀਂ ਸਕਦਾ

ਅੱਖ ਮੇਰੀ ਵਿੱਚ ਆਉਂਦਾ ਹੰਝੂ
ਵੇਖ ਸੋਹਣਿਆ ਜਰ ਨਹੀਂ ਸਕਦਾ

ਜਿੰਨੀ ਮੈਨੂੰ ਤੂੰ ਕਰਦਾ ਏ
ਕੋਈ ਮੁਹੱਬਤ ਕਰ ਨਹੀਂ ਸਕਦਾ

ਤੈਨੂੰ ਸਾਰੇ ਹੱਕ ਦੇ ਛੱਡੇ
ਹੋਰ ਕੋਈ ਹੱਥ ਫੜ੍ਹ ਨਹੀਂ ਸਕਦਾ

ਸਾਹਾਂ ਬਿਨ ਹੋ ਜਾਊ ਗੁਜ਼ਾਰਾ
ਪਰ ਤੇਰੇ ਬਿਨ ਸਰ ਨਹੀਂ ਸਕਦਾ

# ਗ਼ਮ ਦੀ ਕਵਿਤਾ

ਗ਼ਮ ਦੀ ਕਵਿਤਾ ਜਦੋਂ ਉਚਾਰੀ
ਫਿਰ ਵੱਜੀ ਤਾੜੀ ਤੇ ਤਾੜੀ

ਪਰ ਭੇਜੀ ਜਦ ਓਹਨੂੰ ਲਿਖ ਕੇ
ਉਸਨੇ ਪੈਰਾਂ ਹੇਠ ਲਤਾੜੀ

ਇੱਕ ਝਟਕੇ ਵਿੱਚ ਮਿੱਟੀ ਕਰਤੀ
ਓਹਨੇ ਮੇਰੀ ਮਿਹਨਤ ਸਾਰੀ

ਮੈਂ ਮੁਹੱਬਤ ਦੇ ਰੁੱਖ ਲਗਾਵਾਂ
ਉਹ ਚੁੱਕੀ ਫ਼ਿਰਦੀ ਐ ਆਰੀ

ਖ਼ੁਸ਼ੀਆਂ ਨੇ ਬੇਦਖ਼ਲ ਕੀਤਾ ਏ
ਪੀੜ੍ਹਾਂ ਪਾ ਲਈ ਹਿੱਸੇਦਾਰੀ

ਮੈਂ ਵੱਟਾਂ ਤੇ ਧੱਕੇ ਖਾਵਾਂ
ਉਹ ਲੱਭੇ ਨੌਕਰ ਸਰਕਾਰੀ

# ਸੰਦੇਸ਼

**ਇਸ ਕਿਤਾਬ ਦਾ ਰੀਵਿਊ ਦੇਣ ਅਤੇ ਸਾਡੀ ਨਵੀਂ ਕਿਤਾਬ ਖਰੀਦਣ ਲਈ ਤੁਸੀਂ ਸਾਨੂੰ ਵ੍ਹਟਸਐਪ ਜਾਂ ਇੰਸਟਾਗ੍ਰਾਮ ਤੇ ਮੈਸੇਜ ਕਰ ਸਕਦੇ ਹੋ।**

**ਸਾਨੂੰ ਤੁਹਾਡੇ ਸਹਿਯੋਗ ਦੀ ਬਹੁਤ ਲੋੜ ਹੈ।**

ਮੋਬਾਈਲ ਨੰਬਰ : 9779670711

ਇੰਸਟਾਗ੍ਰਾਮ : @GURIGURPREET498

@HARFAN_DI_MAZLIS

@RABABPREET7

**ਧੰਨਵਾਦ**

**ਗੁਰਪ੍ਰੀਤ ਗੁਰੀ ਅਤੇ ਰਬਾਬਪ੍ਰੀਤ**

UDAARIYAN KITAB GHAR

# ਜੰਨਤ ਦੋਜ਼ਖ਼



ਗੁਰਪ੍ਰੀਤ ਗੁਰੀ

ਜੰਨਤ ਦੋਜ਼ਖ਼

ਗੁਰਪ੍ਰੀਤ ਗੁਰੀ

ਉਡਾਰੀਆਂ ਕਿਤਾਬ ਘਰ

ਅੰਦਰੋਂ ਅੱਕ ਦੇ ਵਾਂਗਰ ਕੌੜੀ, ਬਾਹਰੋਂ ਭਾਵੇਂ ਸ਼ਹਿਦ ਜਿਹੀ ਹੈ

ਬਚ ਕੇ ਰਹੀਂ ਪ੍ਰੀਤ ਸੂਰਿਆ, ਇਹ ਮੁਹੱਬਤ ਕੈਦ ਜਿਹੀ ਹੈ

✪✪ ਸਮਾਪਤ ✪✪

# ਹਾਸ਼ੀ ਘਸ ਤਸਵੀਰ 'ਤੇ ਰਹਿ ਗਏ

ਰਘਾਘਪ੍ਰੀਤ, ਗੁਰਪ੍ਰੀਤ ਗੁਰੀ



+91 9779670711
gurpreetguri498
gurigurpreet498
guri04884@gmail.com